# ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ
## (ਰਜਿਸਟਰਾਰ ਦਫਤਰ)

ਆਈ.ਕੇ.ਜੀ.ਪੀ.ਟੀ.ਯੂ./ਰਜਿ./ਦਹ/1221 ਮਿਤੀ : 17/11/2020

## ਦਫਤਰੀ ਹੁਕਮ

ਵਿਸ਼ਾ: **ਸ਼੍ਰੀ ਮਹਿੰਦਰ ਸਿੰਘ ਗਿੱਲ, ਸਾਬਕਾ ਖੇਤੀਬਾੜੀ ਮੰਤਰੀ ਪੰਜਾਬ ਦੇ ਦਿਹਾਂਤ ਵਜੋਂ ਮਿਤੀ 17/11/2020 ਨੂੰ ਬਾਕੀ ਰਹਿੰਦੇ ਸਮੇਂ ਦੀ ਛੁੱਟੀ ਘੋਸ਼ਿਤ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਸਰਕਾਰ ਦੇ ਪੱਤਰ ਨੰਬਰ GAD-POLODHD/9/2020-3 POL-1/E 11563/274 ਮਿਤੀ 17/11/2020 ਅਨੁਸਾਰ ਅਤੇ ਮਾਣਯੋਗ ਉਪ-ਕੁਲਪਤੀ ਜੀ ਦੀ ਪ੍ਰਵਾਨਗੀ ਉਪਰੰਤ ਸ਼੍ਰੀ ਮਹਿੰਦਰ ਸਿੰਘ ਗਿੱਲ, ਸਾਬਕਾ ਖੇਤੀਬਾੜੀ ਮੰਤਰੀ ਪੰਜਾਬ ਦੇ ਦਿਹਾਂਤ ਹੋਣ ਵਜੋਂ ਮ੍ਰਿਤਕ ਸਖਸ਼ੀਅਤ ਦੇ ਸਤਿਕਾਰ ਨੂੰ ਮੁੱਖ ਰੱਖਦੇ ਹੋਏ ਯੂਨੀਵਰਸਿਟੀ, ਕੰਸਟੀਚਿਊਟੀ ਕੈਂਪਸ ਅਤੇ ਸਬੰਧਤ ਕਾਲਜਾਂ ਵਿੱਚ ਮਿਤੀ 17/11/2020 ਨੂੰ ਬਾਕੀ ਰਹਿੰਦੇ ਸਮੇਂ ਦੀ ਛੁੱਟੀ ਘੋਸ਼ਿਤ ਕੀਤੀ ਜਾਂਦੀ ਹੈ।

ਪ੍ਰੰਤੂ ਯੂਨੀਵਰਸਿਟੀ ਦੀਆਂ ਚੱਲ ਰਹੀਆਂ ਪ੍ਰੀਖਿਆਵਾਂ, ਦਾਖਲਿਆਂ ਅਤੇ ਹੋਰ ਜਰੂਰੀ ਸੇਵਾਵਾਂ ਪਹਿਲਾਂ ਮਿੱਥੇ ਸ਼ਡਿਊਲ ਅਨੁਸਾਰ ਹੀ ਚੱਲਣਗੀਆਂ।

**(ਸੰਦੀਪ ਕੁਮਾਰ ਕਾਜਲ)**
**ਰਜਿਸਟਰਾਰ**

ਪਿੱਠ ਅੰ:ਨੰ: ਆਈ.ਕੇ.ਜੀ.ਪੀ.ਟੀ.ਯੂ./ਰਜਿ./ਦਹ/1222-26 ਮਿਤੀ: 17/11/2020

ਇਸ ਦਾ ਇੱਕ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਇੰਚਾਰਜ ਸਕੱਤਰੇਤ, ਉਪ ਕੁਲਪਤੀ ਦਫਤਰ: ਉਪ ਕੁਲਪਤੀ ਜੀ ਦੀ ਜਾਣਕਾਰੀ ਹਿੱਤ।
2. ਸਮੂਹ ਵਿਭਾਗ ਮੁੱਖੀ/ਇੰਚਾਰਜ (ਨਾਨ-ਟੀਚਿੰਗ)
3. ਡਾਇਰੈਕਟਰ (ਮੇਨ ਕੈਂਪਸ ਅਤੇ ਕੰਸਟੀਚਿਊਟ ਕੈਂਪਸ): ਆਪ ਦੇ ਅਧੀਨ ਆਉਂਦੇ ਸਮੂਹ ਡਿਪਟੀ ਡੀਨ (ਫੈਕਲਟੀ), ਵਿਭਾਗ ਮੁੱਖੀ (ਟੀਚਿੰਗ)/ਇੰਚਾਰਜ ਕੰਸਟੀਚਿਊਟ ਕੈਂਪਸਾਂ ਨੂੰ ਜਾਣੂ ਕਰਾਉਣ ਹਿੱਤ।
4. ਡਾਇਰੈਕਟਰ/ਪ੍ਰਿੰਸੀਪਲ, ਸਮੂਹ ਮਾਨਤਾ ਪ੍ਰਾਪਤ ਕਾਲਜ
5. ਇੰਚਾਰਜ (ਆਈ.ਟੀ.ਐਸ.): ਵੈਬਸਾਈਟ ਤੇ ਅਪਲੋਡ ਕਰਵਾਉਣ ਹਿੱਤ।

**(ਸੰਦੀਪ ਕੁਮਾਰ ਕਾਜਲ)**
**ਰਜਿਸਟਰਾਰ**